# ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ।

ਨੰ: ਬਿਲਡਿੰਗ-24/

ਮਿਤੀ:

ਵਿਸ਼ਾ:- ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਦੀ ਕੰਟੀਨ ਨੂੰ ਸਾਲ-2024-25 ਦੌਰਾਨ ਠੇਕੇ ਤੇ ਦੇਣ ਸਬੰਧੀ।

## ਸ਼ਰਤਾਂ

1. ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਰਕਾਰੀ ਆਯੁਰਵੈਦਿਕ ਕਾਲਜ, ਪਟਿਆਲਾ ਦੀ ਕੰਟੀਨ ਦਾ ਠੇਕਾ 01/08/2024 ਤੋਂ 31/07/2027 ਤੱਕ (ਸਾਲ 2024-27) ਲਈ ਹੋਵੇਗਾ।

2. ਇਹ ਕੰਟੀਨ ਦੀ ਬੋਲੀ ਦੀ ਘਟੋ-ਘੱਟ ਰਿਜ਼ਰਵ ਕੀਮਤ 1000/- ਰੁਪਏ ਤੋਂ ਸ਼ੁਰੂ ਹੋਵੇਗੀ। ਚਾਹਵਾਨ ਵਿਅਕਤੀ ਲਿਫਾਫਾ ਬੰਦ ਕੁਟੇਸ਼ਨਾਂ ਆਪਣੇ ਫੋਨ ਨੰ: ਸਮੇਤ ਮਿਤੀ 02/08/2024 ਤੱਕ ਇਸ ਦਫਤਰ ਵਿੱਖੇ ਪਹੁੰਚੀ ਕਰਨਗੇ ਅਤੇ ਵੱਧ ਬੋਲੀ ਵਾਲੀ ਕੁਟੇਸ਼ਨ ਨੂੰ ਠੇਕਾ ਦਿੱਤਾ ਜਾਵੇਗਾ ਅਤੇ ਠੇਕੇ ਦੀ ਪਾਲਿਸ਼ੀ ਦੇ ਨਿਯਮਾਂ ਅਨੁਸਾਰ ਹਰ ਸਾਲ 15 ਪ੍ਰਤੀਸ਼ਤ ਕਿਰਾਏ ਵਿੱਚ ਵਾਧਾ ਹੋਵੇਗਾ।ਇਹ ਠੇਕਾ 01/08/2024 ਤੋਂ 31/07/2027 ਤੱਕ (ਸਾਲ 2024-27) ਤਿੰਨ ਸਾਲ ਲਈ ਹੋਵੇਗਾ।

3. ਠੇਕੇਦਾਰ ਨੂੰ ਠੇਕਾ ਮਿਲਣ ਦੀ ਸੂਰਤ ਵਿੱਚ ਕੰਟੀਨ ਦੀ ਬੋਲੀ ਅਨੁਸਾਰ ਬਣਦਾ ਕਿਰਾਇਆ 6 ਮਹੀਨੇ ਦਾ ਅਡਵਾਂਸ ਸਿਕਿਉਰਟੀ ਡਿਪਾਜ਼ਿਟ ਵੱਜੋ ਜਮ੍ਹਾ ਕਰਵਾਉਣੀ ਹੋਵੇਗੀ ਅਤੇ ਮਹੀਨੇ ਦਾ ਕਿਰਾਇਆ ਵੱਖਰਾ ਮਹੀਨੇ ਦੀ 10 ਤਰੀਕ ਤੱਕ ਜ੍ਹਾਂ ਕਰਵਾਉਣਾ ਹੋਵੇਗਾ। ਜਿਸ ਦੀ ਰਸ਼ੀਦ ਦਿੱਤੀ ਜਾਵੇਗੀ।

4. ਕੰਟੀਨ ਦੇ ਬਿਜਲੀ ਪਾਣੀ ਅਤੇ ਹੋਰ ਖਰਚੇ ਠੇਕੇਦਾਰ ਨੂੰ ਆਪਣੇ ਪੱਧਰ ਤੇ ਜਮ੍ਹਾਂ ਕਰਵਾਉਣਾ ਹੋਵੇਗਾ। ਬਿੱਲ ਜਮ੍ਹਾਂ ਕਰਵਾਉਣ ਉਪਰੰਤ ਬਿੱਲ ਦੀ ਰਸ਼ੀਦ ਦਫਤਰਤ ਵਿੱਚ ਜ੍ਹਾਂ ਕਰਵਾਉਣੀ ਹੋਵੇਗੀ।

5. ਕੰਟੀਨ ਖੋਲਣ ਦਾ ਸਮਾਂ ਸਵੇਰੇ 5:00 ਵਜੇ ਤੋਂ ਰਾਤ 8:00 ਵਜੇ ਤੱਕ ਹੋਵੇਗਾ।

6. ਕੰਟੀਨ ਵਿੱਚ ਬਣਾਈਆਂ ਜਾਣ ਵਾਲੀਆਂ ਵਸਤੂਆਂ ਦੀ ਲਿਸ਼ਟ ਇਸ ਸੰਸਥਾ ਵਲੋਂ ਫਿਕਸ ਕੀਤੇ ਰੇਟ ਅਨੁਸਾਰ ਹੀ ਵਿਕੱਰੀ ਕੀਤੀ ਜਾਏਗੀ ਅਤੇ ਰੇਟ ਲਿਸ਼ਟ ਡਿਸਪਲੇ ਕਰਨੀ ਵੀ ਜਰੂਰੀ ਹੋਵੇਗੀ।

7. ਕੰਟੀਨ ਦੀ ਸਫਾਈ ਦਾ ਧਿਆਨ ਰੱਖਣਾ ਆਪ ਦੀ ਜਿੰਮੇਵਾਰੀ ਹੋਵੇਗੀ।

8. ਕੰਟੀਨ ਵਿੱਚ ਵਰਤੀਆਂ ਜਾਣਸਾਰੀਆਂ ਵਸਤੂਆਂ ਮਿਲਾਵਟ ਰਹਿਤ ਹੋਣੀਆ ਚਾਹੀਦੀਆਂ ਹਨ ਅਤੇ ਉਚੱ ਬ੍ਰਾਂਡ ਦੀ ਵਰਤੋਂ ਕੀਤੀ ਜਾਵੇ।

9. ਕੰਟੀਨ ਵਿੱਚ ਕਿਸੇ ਕਿਸਮ ਦੇ ਨਸ਼ੇ ਆਦਿ ਦੀ ਵਰਤੋਂ ਨਹੀਂ ਕੀਤੀ ਜਾਵੇਗੀ। ਜੇਕਰ ਅਜਿਹਾ ਪਾਇਆ ਗਿਆ ਤਾਂ ਠੇਕਾ ਤੁਰੰਤ ਸਮੇਂ ਤੋਂ ਰੱਦ ਕਰ ਦਿੱਤਾ ਜਾਵੇਗਾ।

10. ਵਿਦਿਆਰਥੀਆਂ / ਸਟਾਫ ਨੂੰ ਦਿੱਤੇ ਜਾਣ ਵਾਲੇ ਉਧਾਰ ਦੀ ਜਿਮੇਵਾਰੀ ਤੁਹਾਡੀ ਆਪਣੀ ਹੋਵੇਗੀ।

11. ਕੰਟੀਨ ਵਿੱਚ ਉਹ ਚੀਜ ਜੋ ਕਿ ਕਿਸੇ ਵੀ ਕਾਨੂੰਨ ਐਕਟ ਤਹਿਤ ਵਰਜਿਤ ਹੈ। ਜੇਕਰ ਉਹ ਕੰਟੀਨ ਵਿੱਚ ਰੱਖੀ ਜਾਂਦੀ ਹੈ ਤਾਂ ਉਸ ਦੀ ਨਿਰੋਲ ਜਿਮ੍ਹੇਵਾਰੀ ਤੁਹਾਡੀ ਆਪਣੀ ਹੋਵਪੇਗੀ ਅਤੇ ਨਿਯਮਾਂ ਅਨੁਸਾਰ ਠੇਕੇਦਾਰ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

12. ਕੰਟੀਨ ਵਿੱਚ ਵਰਤਿਆ ਜਾਣ ਵਾਲਾ ਸਾਮਾਨ ਤੁਹਾਡਾ ਆਪਣਾ ਹੋਵੇਗਾ।

13. ਕੰਟੀਨ ਦੀ ਬਿਲਡਿੰਗ / ਫਰਨੀਚਰ ਵਿੱਚ ਕਿਸੇ ਕਿਸਮ ਦੀ ਭੰਨ-ਤੋੜ ਨਹੀਂ ਕੀਤੀ ਜਾਵੇਗੀ ਜੇਕਰ ਕੰਟੀਨ ਦਾ ਕੋਈ ਵੀ ਫਰਨੀਚਰ ਟੁੱਟਿਆ ਪਾਇਆ ਜਾਂਦਾ ਹੈ ਤਾਂ ਉਸਦੀ ਰਿਪੇਅਰ ਤੁਹਾਨੂੰ ਕਰਵਾਉਣ ਪਵੇਗੀ। ਕਿਉਕਿ ਇਹ ਇਕ ਸਰਕਾਰੀ ਸੰਪਤੀ ਹੈ।

14. ਉਪਰੋਕਤ ਸ਼ਰਤਾਂ ਸਬੰਧੀ ਕਮੇਟੀ ਦਾ ਫੈਸਲਾਂ ਮੰਨਣਯੋਗ ਹੋਵੇਗਾ। ਜੇਕਰ ਕਿਸੇ ਨਿਯਮ ਵਿੱਚ ਕੋਤਾਹੀ ਵਰਤੀ ਜਾਂਦੀ ਹੈ ਜਾ ਰਹਿ ਜਾਦੀ ਹੈ ਤਾਂ ਅਪੀਲੈਂਟ ਅਥਾਰਟੀ ਪ੍ਰਿੰਸੀਪਲ ਸਰਕਾਰੀ ਆਯੁਰਵੈਦਿਕ ਕਾਲਜ ਪਟਿਆਲਾ ਹੀ ਹੋਣਗੇ, ਜਿਨ੍ਹਾਂ ਦਾ ਫੈਸਲਾ ਸਰਵ ਮੰਨਣਯੋਗ ਹੋਵੇਗਾ। ਕੰਟੀਨ ਦਾ ਕੰਮ ਤਸੱਲੀਬਖਸ਼ ਨਾ ਹੋਣ ਕਾਰਣ ਇਹ ਹੁਕਮ ਕਿਸੇ ਵੀ ਸਮੇ ਹੇਠ ਹਸ਼ਤਾਖਰ ਕਰਤਾ ਵਲੋਂ ਰੱਦ ਕੀਤੇ ਜਾ ਸਕਦੇ ਹਨ। ਇਸ ਤੇ ਠੇਕੇਦਾਰ ਨੂੰ ਕੋਈ ਵੀ ਕਾਨੂੰਨੀ ਕਾਰਵਾਈ ਦਾ ਅਧਿਕਾਰ ਨਹੀਂ ਹੋਵੇਗਾ। ਜੇਕਰ ਇਹ ਸ਼ਰਤਾਂ ਠੇਕੇਦਾਰ ਨੂੰ ਮੰਜੂਰ ਹਨ ਤਾਂ ਪੱਤਰ ਜਾਰੀ ਹੋਣ ਦੀ ਮਿਤੀ ਤੋਂ 6 ਮਹੀਨੇ ਦਾ ਕਿਰਾਇਆ ਸਿਕਿਉਰਟੀ ਦੇ ਤੋਰ ਤੇ ਜਮ੍ਹਾਂ ਕਰਵਾ ਕੇ ਠੇਕਾਦਰ ਕੰਟੀਨ ਚਾਲੂ ਕਰ ਸਕਦਾਦ ਹੈ।

15. ਇਹ ਕਿ ਬੋਲੀ ਦਾਤਾ ਵਲੋਂ ਪਹਿਲਾਂ ਕਿਸ਼ੇ ਵੀ ਤਰ੍ਹਾਂ ਦਾ ਕੰਟੀਨ ਕਿਰਾਏ ਜਾਂ ਕਿਸੇ ਹੋਰ ਤਰ੍ਹਾਂ ਕਿਸੇ ਵੀ ਸੰਸਥਾਂ ਤੋਂ ਡਿਫਾਲਟਰ ਘੋਸ਼ਿਤ ਨਾ ਕੀਤਾ ਹੋਵੇ। ਇਸ ਕੇਸ ਵਿੱਚ ਡਿਫਾਲਟਰ ਠੇਕੇਦਾਰ ਨੂੰ ਵਿਚਾਰਿਆ ਨਹੀਂ ਜਾਵੇਗਾ।

ਪ੍ਰਿੰਸੀਪਲ

---

ਪਿੱਠ ਅੰਕਣ ਨੰ: 2654 ਮਿਤੀ: 25-07-24

ਉਤਾਰਾ ਡਾ: ਸਦੀਪ ਪਾਲ ਸਿੰਘ, ਲੈਕਚਰਾਰ ਅਗਦ ਤੰਤਰਾ ਵਿਭਾਗ ਜੀ ਨੂੰ ਸਰਕਾਰੀ ਆਯੁਰਵੈਦਿਕ ਕਾਲਜ, ਦੀ ਵੈਬਸਾਈਟ ਤੇ ਅਪ-ਲੋਡ ਕਰਨ ਲਈ ਭੇਜਿਆ ਜਾਂਦਾ ਹੈ।

ਪ੍ਰਿੰਸੀਪਲ